ਇਹ ਤੱਥ ਸ਼ੀਟ, ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ *ਰੈਗੂਲੇਸ਼ਨ* ਦੇਖੋ।

July 2016

# ਰੁਜ਼ਗਾਰ ਏਜੰਸੀਆਂ

ਬ੍ਰਿਟਿਸ਼ ਕੋਲੰਬੀਆ ਵਿਚ, ਰੁਜ਼ਗਾਰ ਏਜੰਸੀਆਂ (ਇਮਪਲੌਏਮੈਂਟ ਏਜੰਸੀਜ਼) ਦਾ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਧੀਨ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ। ਲਾਇਸੰਸਸ਼ੁਦਾ ਰੁਜ਼ਗਾਰ ਏਜੰਸੀ, ਮੁਲਾਜ਼ਮਾਂ ਦੀ ਭਰਤੀ ਲਈ ਕੰਮ-ਮਾਲਕਾਂ (ਇਮਪਲੌਏਅਰਜ਼) ਤੋਂ ਪੈਸੇ ਲੈ ਸਕਦੀ ਹੈ।

## ਕੰਮ 'ਤੇ ਰੱਖਣ ਦੀ ਕੋਈ ਫੀਸ ਨਹੀਂ

ਕੰਮ ਲੱਭ ਰਹੇ ਕਿਸੇ ਵਿਅਕਤੀ ਨੂੰ ਕੰਮ ਲੱਭਣ ਵਿਚ ਮਦਦ ਲਈ, ਕਿਸੇ ਕੰਮ ਬਾਰੇ ਜਾਣਕਾਰੀ ਲੈਣ ਲਈ, ਕਿਸੇ ਕੰਮ-ਮਾਲਕ ਨਾਲ ਸੰਪਰਕ ਕਰਵਾਏ ਜਾਣ ਲਈ, ਜਾਂ ਕੰਮ 'ਤੇ ਰੱਖੇ ਜਾਣ ਲਈ ਫੀਸ ਦੇਣ ਦੀ ਲੋੜ ਨਹੀਂ ਹੈ।

ਕੋਈ ਵੀ ਕੰਮ-ਮਾਲਕ, ਕਿਸੇ ਨੂੰ ਕੰਮ 'ਤੇ ਰੱਖਣ ਲਈ ਉਸ ਤੋਂ ਪੈਸੇ ਨਹੀਂ ਮੰਗ ਸਕਦਾ ਜਾਂ ਪੈਸੇ ਨਹੀਂ ਲੈ ਸਕਦਾ।

ਕੋਈ ਵੀ ਰੁਜ਼ਗਾਰ ਏਜੰਸੀ, ਕਿਸੇ ਵੀ ਵਿਅਕਤੀ ਤੋਂ ਅੱਗੇ ਲਿਖੀਆਂ ਚੀਜ਼ਾਂ ਲਈ ਪੈਸੇ ਨਹੀਂ ਮੰਗ ਜਾਂ ਲੈ ਸਕਦੀ:

- ਕਿਸੇ ਕੰਮ-ਮਾਲਕ ਕੋਲ, ਕੰਮ ਲਈ ਉਸ ਦੀ ਅਰਜ਼ੀ ਭੇਜਣ ਦੇ;
- ਕਿਸੇ ਕੰਮ-ਮਾਲਕ ਕੋਲ ਉਸ ਨੂੰ ਕੰਮ 'ਤੇ ਰਖਵਾਉਣ ਦਾ ਪ੍ਰਬੰਧ ਕਰਨ ਦੇ;
- ਸੰਭਾਵੀ ਕੰਮਾਂ ਬਾਰੇ ਉਸ ਨੂੰ ਜਾਣਕਾਰੀ ਦੇਣ ਦੇ।

ਰੁਜ਼ਗਾਰ ਏਜੰਸੀ ਨੂੰ, ਕਿਸੇ ਵਿਅਕਤੀ ਲਈ ਕੰਮ ਲੱਭਣ ਵਿਚ ਮਦਦ ਲਈ ਕਿਸੇ ਵੀ ਹੋਰ ਵਿਅਕਤੀ ਨੂੰ ਪੈਸੇ ਦੇਣ ਦੀ ਆਗਿਆ ਨਹੀਂ ਹੈ।

## ਲਾਇਸੰਸ

ਰੁਜ਼ਗਾਰ ਏਜੰਸੀ ਦਾ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ। ਏਜੰਸੀ ਲਈ ਡਾਇਰੈਕਟਰ ਕੋਲ 100 ਡਾਲਰ ਦੀ ਫੀਸ ਨਾਲ ਅਰਜ਼ੀ ਫਾਰਮ ਦਰਜ ਕਰਵਾਉਣਾ ਜ਼ਰੂਰੀ ਹੈ। ਇਹ ਕਿਸੇ ਵੀ ਬਰਾਂਚ ਦਫਤਰ ਨੂੰ ਭੇਜਿਆ ਜਾ ਸਕਦਾ ਹੈ।

ਲਾਇਸੰਸ ਜਾਰੀ ਕਰਨ ਤੋਂ ਪਹਿਲਾਂ, ਡਾਇਰੈਕਟਰ ਦਾ ਇਸ ਗੱਲ ਤੋਂ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਏਜੰਸੀ ਕੰਮ-ਮਾਲਕਾਂ ਅਤੇ ਕੰਮ ਲੱਭ ਰਹੇ ਵਿਅਕਤੀਆਂ ਦੇ ਬਿਹਤਰ ਹਿੱਤਾਂ ਵਿਚ ਕੰਮ ਕਰੇਗੀ। ਡਾਇਰੈਕਟਰ ਕਿਸੇ ਵੀ ਉਸ ਅਰਜ਼ੀਕਰਤਾ ਨੂੰ ਲਾਇਸੰਸ ਜਾਰੀ ਕਰਨ ਤੋਂ ਨਾਂਹ ਕਰ ਸਕਦਾ ਹੈ, ਜਿਸ ਦਾ ਪਹਿਲਾਂ ਕਦੇ ਲਾਇਸੰਸ ਕੈਂਸਲ ਹੋਇਆ ਹੈ।

ਡਾਇਰੈਕਟਰ ਲਾਇਸੰਸ ਕੈਂਸਲ ਜਾਂ ਰੱਦ ਕਰ ਸਕਦਾ ਹੈ ਜੇ ਰੁਜ਼ਗਾਰ ਏਜੰਸੀ:

- ਲਾਇਸੰਸ ਲਈ ਦਿੱਤੀ ਅਰਜ਼ੀ ਵਿਚ ਗਲਤ ਜਾਂ ਧੋਖਾ ਦੇਣ ਵਾਲਾ ਬਿਆਨ ਦਿੰਦੀ ਹੈ;
- ਐਕਟ ਜਾਂ ਕਾਨੂੰਨ ਦੀ ਉਲੰਘਣਾ ਕਰਦੀ ਹੈ;
- ਕੰਮ-ਮਾਲਕਾਂ ਅਤੇ ਕੰਮ ਲੱਭ ਰਹੇ ਵਿਅਕਤੀਆਂ ਦੇ ਬਿਹਤਰ ਹਿੱਤਾਂ ਵਿਚ ਕੰਮ ਕਰਨ ਵਿਚ ਅਸਫਲ ਰਹਿੰਦੀ ਹੈ; ਜਾਂ
- ਉਸ ਕੰਮ ਮਾਲਕ ਨੂੰ ਦੱਸਣ ਵਿਚ ਫੇਲ੍ਹ ਹੁੰਦੀ ਹੈ, ਜਿਸ ਕੋਲ ਏਜੰਸੀ ਨੇ ਡੋਮਿਸਟਿਕ (ਘਰੇਲੂ ਕਾਮਾ) ਰਖਵਾਇਆ ਹੈ ਕਿ ਕੰਮ-ਮਾਲਕ ਲਈ ਡੋਮਿਸਟਿਕ ਨੂੰ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਕੋਲ ਰਜਿਸਟਰ ਕਰਵਾਉਣਾ ਜ਼ਰੂਰੀ ਹੈ।

## ਹੋਰ ਸੇਵਾਵਾਂ ਲਈ ਪੈਸੇ ਲੈਣਾ

ਰੁਜ਼ਗਾਰ ਏਜੰਸੀ ਕੰਮ ਲੱਭ ਰਹੇ ਵਿਅਕਤੀਆਂ ਨੂੰ ਹੋਰ ਸੇਵਾਵਾਂ ਪ੍ਰਦਾਨ ਕਰ ਸਕਦੀ ਹੈ ਜਿਵੇਂ ਕਿ ਰੈਜ਼ਮੇ ਲਿਖਣਾ ਜਾਂ ਇੰਟਰਵਿਊ ਲਈ ਤਿਆਰੀ ਕਰਵਾਉਣਾ। ਰੁਜ਼ਗਾਰ ਏਜੰਸੀ, ਕੰਮ ਲੱਭ ਰਹੇ ਕਿਸੇ ਵਿਅਕਤੀ ਤੋਂ, ਕੰਮ 'ਤੇ ਰੱਖੇ ਜਾਣ ਦੀ ਸ਼ਰਤ ਵਜੋਂ ਇਹ ਹੋਰ ਸੇਵਾਵਾਂ ਲੈਣ ਜਾਂ ਇਨ੍ਹਾਂ ਲਈ ਪੈਸੇ ਦੇਣ ਦੀ ਮੰਗ ਨਹੀਂ ਕਰ ਸਕਦੀ।



**For more information:**
**Phone:** 1 800 663-3316
or 250-612-4100 in Prince George
**Website:** www.gov.bc.ca/EmploymentStandards

## ਦਿੱਤੇ ਗਏ ਪੈਸੇ ਵਾਪਸ ਲੈਣਾ

ਕੰਮ ਲੱਭ ਰਹੇ ਕਿਸੇ ਵਿਅਕਤੀ ਤੋਂ ਲਏ ਗਏ ਪੈਸੇ ਤਨਖਾਹ ਸਮਝੇ ਜਾਂਦੇ ਹਨ ਅਤੇ ਐਕਟ ਅਧੀਨ ਇਹ ਵਸੂਲੇ ਜਾ ਸਕਦੇ ਹਨ।

## ਰਿਕਾਰਡ ਰੱਖਣਾ

ਰੁਜ਼ਗਾਰ ਏਜੰਸੀ ਲਈ ਅੱਗੇ ਲਿਖੀਆਂ ਚੀਜ਼ਾਂ ਦਾ ਰਿਕਾਰਡ ਰੱਖਣਾ ਜ਼ਰੂਰੀ ਹੈ:

- ਹਰ ਉਸ ਕੰਮ-ਮਾਲਕ ਦਾ ਜੋ ਸਰਵਿਸ ਲੈਂਦਾ ਹੈ;
- ਹਰ ਉਸ ਵਿਅਕਤੀ ਦਾ ਜੋ ਕੰਮ 'ਤੇ ਰੱਖੇ ਜਾਣ ਦੇ ਮੰਤਵ ਲਈ ਕਿਸੇ ਕੰਮ-ਮਾਲਕ ਕੋਲ ਭੇਜਿਆ ਗਿਆ ਹੈ;
- ਹਰ ਉਸ ਵਿਅਕਤੀ ਦਾ ਜਿਸ ਨੂੰ ਮੁਲਾਜ਼ਮ ਲੱਭ ਰਹੇ ਕੰਮ-ਮਾਲਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਹ ਰਿਕਾਰਡ ਅੰਗਰੇਜ਼ੀ ਵਿਚ, ਰੁਜ਼ਗਾਰ ਏਜੰਸੀ ਦੀ ਬ੍ਰਿਟਿਸ਼ ਕੋਲੰਬੀਆ ਵਿਚਲੀ ਮੁੱਖ ਕਾਰੋਬਾਰੀ ਥਾਂ 'ਤੇ ਦੋ ਸਾਲਾਂ ਦੇ ਸਮੇਂ ਲਈ ਰੱਖਿਆ ਜਾਣਾ ਜ਼ਰੂਰੀ ਹੈ।

## ਇਸ਼ਤਿਹਾਰਬਾਜ਼ੀ

ਕੰਮ-ਮਾਲਕ, ਰੁਜ਼ਗਾਰ ਏਜੰਸੀ ਜਾਂ ਕੰਮ ਲੱਭ ਰਿਹਾ ਵਿਅਕਤੀ ਕਿਸੇ ਨੌਕਰੀ ਜਾਂ ਆਪਣੀਆਂ ਸੇਵਾਵਾਂ ਲਈ ਇਸ਼ਤਿਹਾਰ ਦੇਣ ਲਈ ਪੈਸੇ ਦੇ ਸਕਦਾ ਹੈ।

ਰੁਜ਼ਗਾਰ ਏਜੰਸੀ, ਕੰਮ ਲੱਭ ਰਹੇ ਕਿਸੇ ਵਿਅਕਤੀ ਤੋਂ, ਕੰਮ ਲੱਭਣ ਵਿਚ ਉਸ ਦੀ ਮਦਦ ਦੀ ਸ਼ਰਤ ਵਜੋਂ, ਕਿਸੇ ਵੀ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਲਈ ਪੈਸੇ ਨਹੀਂ ਮੰਗ ਸਕਦੀ।